# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ
# ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ

**ਐਸ.ਸੀ ਓ ਨੰ:- 104-106, ਦੂਸਰੀ ਮੰਜ਼ਿਲ, ਸੈਕਟਰ 34-ਏ, ਚੰਡੀਗੜ੍ਹ ਫ਼ੋਨ ਨੰ: 0172- 2623207, 2620106**

**ਫੈਕਸ:0172-2624687, ਈ-ਮੇਲ: ssa.punjab@yahoo.com**


ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ),

ਪੰਜਾਬ।

**ਮੀਮੋ ਨੰ**: 50/ਸ.ਸ.ਅ/**ਪੈਡਾਗੋਜ਼ੀ**/75731-75750

**ਮਿਤੀ**: **ਚੰਡੀਗੜ੍ਹ**/17/06/2011

**ਵਿਸ਼ਾ:** **ਸਾਲ 2011-12 ਦੌਰਾਨ ਪਸਵਕ/ਸ਼ਸਵਕ/ਕਮਿਊਨਿਟੀ ਲਈ ਕਰਵਾਈਆਂ ਜਾਣ ਵਾਲੀਆਂ ਰੈਜ਼ੀਡੈਂਸ਼ੀਅਲ ਟ੍ਰੇਨਿੰਗਜ਼ ਅਤੇ ਨਾਨ ਰੈਜ਼ੀਡੈਂਸ਼ੀਅਲ ਟ੍ਰੇਨਿੰਗਜ਼ ਦੀਆਂ ਹਦਾਇਤਾਂ ਬਾਰੇ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਸੈਸ਼ਨ 2011-12 ਦੌਰਾਨ ਪਸਵਕ-**ਸ਼ਸਵਕ**/SMC/ਕਮਿਊਨਿਟੀ ਲਈ ਕਰਵਾਈਆਂ ਜਾਣ ਵਾਲੀਆਂ ਰੈਜ਼ੀਡੈਂਸ਼ੀਅਲ ਟ੍ਰੇਨਿੰਗਜ਼ ਅਤੇ ਨਾਨ ਰੈਜ਼ੀਡੈਂਸ਼ੀਅਲ ਟ੍ਰੇਨਿੰਗਜ਼ ਬਾਰੇ ਹਦਾਇਤਾਂ ਹੇਠ ਲਿਖੇ ਅਨੁਸਾਰ ਹਨ ਜੀ:

## ਰੈਜ਼ੀਡੈਂਸ਼ੀਅਲ ਟ੍ਰੇਨਿੰਗਜ਼:

1. ਰੈਜ਼ੀਡੈਂਸ਼ੀਅਲ ਟ੍ਰੇਨਿੰਗਾਂ ਬਲਾਕ ਪੱਧਰ ਤੇ ਕਰਵਾਈਆਂ ਜਾਣੀਆਂ ਹਨ।
2. ਸਮੂਹਿਕ ਰੂਪ ਵਿੱਚ ਡੀ.ਪੀ.ਸੀਜ਼, ਬੀ.ਆਰ.ਪੀਜ਼/ਡੀ.ਅਰ.ਪੀਜ਼, ਬੀ.ਐਮ.ਟੀਜ਼/ਸੀ.ਐਮ.ਟੀਜ਼, ਪੜ੍ਹੋ ਪੰਜਾਬ ਕੋਆਰਡੀਨੇਟਰਜ਼, ਅਸਿਸਟੈਂਟ ਪੜ੍ਹੋ ਪੰਜਾਬ ਕੋਆਰਡੀਨੇਟਰਜ਼ ਅਤੇ ਏ.ਆਈ.ਈ ਕੋਆਰਡੀਨੇਟਰਜ਼ ਰਾਹੀਂ ਇਹ ਟ੍ਰੇਨਿੰਗਜ਼ ਕਰਵਾਈਆਂ ਜਾਣਗੀਆਂ। **ਇਸ ਤੋਂ ਇਲਾਵਾ ਰਿਸੋਰਸ ਪਰਸਨ ਜਿਹੜੇ ਸਿੱਖਿਆ ਵਿਭਾਗ ਤੋਂ ਬਾਹਰੋ ਲਏ ਜਾਣਗੇ ਉਹਨਾਂ ਨੂੰ** 200/- **ਰੁ: ਪ੍ਰਤੀ ਦਿਨ ਮਾਣਭੱਤਾ ਉੱਕਾ ਪੁੱਕਾ** ਦਿੱਤਾ ਜਾਵੇਗਾ।
3. ਟ੍ਰੇਨਿੰਗ ਦੌਰਾਨ ਜ਼ਿਲ੍ਹਾ ਪੱਧਰ ਤੇ ਟ੍ਰੇਨਿੰਗ ਦੀ ਵਿਸ਼ਾ-ਵਸਤੂ (ਮਾਡਿਊਲ) ਅਤੇ ਟ੍ਰੇਨਿੰਗ ਦੇਣ ਦੇ ਸਮੇਂ ਕੋਈ ਪੈਂਫ਼ਲੇਟ ਛਪਵਾ ਕੇ ਸਬੰਧਤ ਪਿੰਡਾਂ ਵਿੱਚ ਵੰਡੇ ਜਾਣਗੇ। ਮਾਡਿਊਲ ਅਤੇ ਪੈਂਫ਼ਲੇਟ **ਦਾ** ਸ਼ਾਬਦਿਕ **ਮੈਟਰ ਮੁਖ ਦਫ਼ਤਰ ਵਲੋਂ ਆਪ ਨੂੰ ਭੇਜ ਦਿੱਤਾ ਜਾਵੇਗਾ।**
4. ਇਨ੍ਹਾਂ ਟ੍ਰੇਨਿੰਗਾਂ ਵਿੱਚ **ਪਸਵਕ/ਸ਼ਸਵਕ**/ਕਮਿਊਨਿਟੀ ਮੈਂਬਰਾਂ ਨੂੰ ਪੰਜਾਬ ਦੇ ਐਜੂਕੇਸ਼ਨ ਪ੍ਰੋਗਰਾਮ ਸਬੰਧੀ ਜਾਗਰੂਕ ਕੀਤਾ ਜਾਵੇ ਤੇ ਸਾਰੀਆਂ ਸਕੀਮਾਂ ਜਿਵੇਂ ਐਸ.ਐਸ.ਏ/ਆਰ.ਐਮ.ਐਸ.ਏ/ਆਰ.ਟੀ.ਈ ਦੀ ਪੂਰਨ ਜਾਣਕਾਰੀ ਦਿੱਤੀ ਜਾਵੇ ਅਤੇ ਇਹ ਪ੍ਰੋਗਰਾਮ ਕਿਵੇਂ ਲਾਗੂ ਕੀਤੇ ਜਾ ਰਹੇ ਹਨ, ਉਨ੍ਹਾਂ ਬਾਰੇ ਜਾਣਕਾਰੀ ਦਿੱਤੀ ਜਾਵੇ।
5. ਇਨ੍ਹਾਂ ਟ੍ਰੇਨਿੰਗਾਂ ਵਿੱਚ "ਕਵਾਲਟੀ ਆਫ਼ ਐਜ਼ੂਕੇਸ਼ਨ" ਬਾਰੇ ਮੈਂਬਰਾਂ ਦਾ ਸਕੂਲ ਐਜ਼ੂਕੇਸ਼ਨ ਵਿੱਚ ਰੋਲ ਬਾਰੇ ਪੂਰੀ ਤਰ੍ਹਾਂ ਜਾਗਰੂਕ ਕਰਨਾ ਹੋਵੇਗਾ।
6. ਬੱਚਿਆਂ ਵਲੋਂ ਪਸਵਕ/**ਸ਼ਸਵਕ** ਟ੍ਰੇਨਿੰਗਜ਼ ਦੌਰਾਨ ਕਲਚਰਲ ਪ੍ਰੋਗਰਾਮ ਕਰਵਾਏ ਜਾਣ।
7. ਟ੍ਰੇਨਿੰਗ ਲਈ ਪਿੰਡ/ਸ਼ਹਿਰ ਦੀ ਸਾਂਝੀ ਜਗ੍ਹਾ (ਕਮਿਊਨਿਟੀ ਹਾਲ) ਆਦਿ ਹੋਵੇਗਾ।
8. ਟ੍ਰੇਨਿੰਗ ਦਾ ਸਮਾਂ ਸਵੇਰੇ 10:00 ਵਜੇ ਤੋਂ ਸ਼ਾਮ 4:00 ਵਜੇ ਤੱਕ ਹੋਵੇਗਾ।
9. ਇਹਨਾਂ ਟ੍ਰੇਨਿੰਗਾਂ ਨੂੰ ਸਮੇਂ ਸਿਰ ਸੁਚੱਜੇ ਢੰਗ ਨਾਲ ਨੇਪਰੇ **ਚਾੜ੍ਹਨਾ ਜਿਲ੍ਹਾ ਸਿੱਖਿਆ ਅਫ਼ਸਰ (ਐ.ਸਿ) ਦੀ** ਨਿੱਜੀ ਜ਼ਿੰਮੇਵਾਰੀ ਹੋਵੇਗੀ।
10. ਟ੍ਰੇਨਿੰਗ ਦੇ ਖਰਚੇ ਦਾ ਹਿਸਾਬ-ਕਿਤਾਬ ਬਲਾਕ ਪੱਧਰ ਤੇ BPEO **ਵਲੋਂ** ਰੱਖਿਆ ਜਾਵੇਗਾ। ਖਰਚੇ ਸਬੰਧੀ ਸੂਚਨਾ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ) ਨੂੰ ਭੇਜਣੀ ਹੈ ਉਪਰੰਤ ਇਹ ਸਾਰੀ ਸੂਚਨਾ ਜ਼ਿਲ੍ਹਾ ਪੱਧਰ ਤੇ ਸੰਕਲਤ ਕਰਕੇ **ਸਟੇਟ ਹੈੱਡ ਆਫਿਸ, ਸਸਅ** ਨੂੰ ਭੇਜੀ ਜਾਵੇਗੀ।

11. ਟ੍ਰੇਨਿੰਗਾਂ **ਸੰਬੰਧੀ** ਸਮੂਹ ਜ਼ਿਲ੍ਹਿਆਂ ਦੇ ਡੀ.ਸੀ. ਨੂੰ ਵੀ ਪੱਤਰ ਰਾਹੀਂ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ) ਸੂਚਿਤ ਕਰਨਗੇ।

12. **ਕਮਿਊਨਿਟੀ ਮੈਂਬਰਾਂ ਦਾ ਪ੍ਰਤੀ ਦਿਨ ਦਾ ਖਰਚਾ @ 200/- ਰੁ: ਹੈ।**

13. ਰੈਜ਼ੀਡੈਂਸ਼ੀਅਲ ਟ੍ਰੇਨਿੰਗਾਂ ਦਾ ਸਮਾਂ ਅਕਤੂਬਰ, ਨਵੰਬਰ ਅਤੇ ਦਸੰਬਰ, 2011 ਨਿਰਧਾਰਿਤ ਕੀਤਾ ਗਿਆ ਹੈ। ਇਸ ਸਮੇਂ ਦੌਰਾਨ ਕਰਵਾਈਆਂ ਜਾਣ ਵਾਲੀਆਂ ਰੈਜ਼ੀਡੈਂਸ਼ੀਅਲ ਟ੍ਰੇਨਿੰਗਾਂ ਦਾ **<u>Tentative Schedule</u>** ਹਰੇਕ ਦਿਨ ਦੇ ਹਿਸਾਬ ਨਾਲ ਹੇਠ ਲਿਖੇ ਅਨੁਸਾਰ ਹੈ:

| **ਦਿਨ** | **ਮਹੀਨਾ** | **ਟੋਪਿਕ** | | **ਟੋਪਿਕ** | **ਐਕਟੀਵਿਟੀ** | | **ਟੋਪਿਕ** |
|---|---|---|---|---|---|---|---|
| 1 | ਅਕਤੂਬਰ– ਰਜਿਸਟਰੇਸ਼ਨ | ਆਰ.ਟੀ.ਈ (**ਸਮਾਂ–ਡੇਢ ਘੰਟਾ**), **ਸਿਵਲ ਵਰਕਸ** | | Gender Education (**ਸਮਾਂ– ਡੇਢ ਘੰਟਾ**) **ਸਕੂਲੋ ਵਿਰਵੇ ਬੱਚਿਆਂ** (**ਸਮਾਂ– ਡੇਢ ਘੰਟਾ**) | ਤਰਕਸ਼ੀਲਾਂ ਦਾ ਸ਼ੋਅ/ਨੁੱਕੜ ਨਾਟਕ/ਸਟੇਜ ਸ਼ੋਅ ਆਦਿ | | **ਕਮਿਊਨਿਟੀ ਸਕੋਰ ਕਾਰਡ ਭਰਨਾ** |
| 2 | ਨਵੰਬਰ– ਕੋਈ ਨਾਟਕ | ਕੋਈ success story (ਬਸੰਤੀ ਸਕੂਲ ਜਾਏਗੀ) | **ਚਾਹ ਬ੍ਰੇਕ** | **ਸਕੂਲੋ ਵਿਰਵੇ ਬੱਚੇ** (ਸ.ਸ.ਅ ਦਾ ਟੋਪਿਕ) | ਸਕੂਲੀ ਬੱਚਿਆਂ **ਦੀਆਂ ਗਤੀਵਿਧੀਆਂ** | **ਲੰਚ ਬ੍ਰੇਕ** | **ਕਮਿਊਨਿਟੀ ਸਕੋਰ ਕਾਰਡ ਭਰਨਾ** |
| 3 | ਦਸੰਬਰ– ਟੋਪਿਕ/**ਵਿਸ਼ਾ ਵਸਤੂ** ਬਾਬਤ **ਸਿਵਲ ਵਰਕਸ, ਏ.ਆਈ.ਈ./ ਸਕੂਲੋਂ ਵਿਰਵੇ ਬੱਚਿਆਂ ਬਾਰੇ** | ਸ.ਸ.ਅ ਦੀਆਂ ਪ੍ਰਾਪਤੀਆਂ | | ਵਧੀਆ ਸਕੂਲਾਂ ਬਾਰੇ ਜਾਣਕਾਰੀ | **ਮਿਡ–ਡੇ–ਮੀਲ, ਆਈ.ਈ.ਡੀ. ਬਾਰੇ** | | **ਕਮਿਊਨਿਟੀ ਸਕੋਰ ਕਾਰਡ ਭਰਨਾ** |

14. ਟ੍ਰੇਨਿੰਗਾਂ ਦੀ ਮਿਤੀ ਸਮੂਹ ਜ਼ਿਲ੍ਹਿਆਂ **ਵਲੋਂ** ਨਿਰਧਾਰਤ ਕਰਕੇ **ਮੁੱਖ ਦਫ਼ਤਰ, ਸਸਅ** ਨੂੰ ਤੁਰੰਤ ਸੂਚਿਤ **ਕੀਤਾ** ਜਾਵੇ।

15. ਟ੍ਰੇਨਿੰਗਾਂ ਦੀ ਮੋਨੀਟਰਿੰਗ **ਰਾਜ ਪੱਧਰ ਤੇ ਐਸ.ਐਸ.ਏ ਦੇ ਮੁੱਖ ਦਫ਼ਤਰ ਵਲੋਂ** ਗਠਿਤ **ਟੀਮਾਂ ਵਲੋਂ ਕੀਤੀ ਜਾਵੇਗੀ।**

## <u>ਨਾਨ ਰੈਜ਼ੀਡੈਂਸ਼ੀਅਲ ਟ੍ਰੇਨਿੰਗਜ਼:</u>

1. ਨਾਨ ਰੈਜ਼ੀਡੈਂਸ਼ੀਅਲ ਟ੍ਰੇਨਿੰਗ ਜੋ ਕਿ ਕੇਵਲ ਪਸਵਕ ਮੈਂਬਰਾਂ ਨੂੰ ਹੀ ਕਰਵਾਈ ਜਾਣੀ ਹੈ, ਸਕੂਲ ਪੱਧਰ ਤੇ ਸਕੂਲ ਦੇ ਸਮੇਂ ਦੌਰਾਨ ਹੀ ਕਰਵਾਈ ਜਾਵੇ**ਗੀ**। ਇਹ ਮਹੀਨਾਵਾਰ ਮੀਟਿੰਗਾਂ ਦੇ ਰੂਪ ਵਿੱਚ ਹੋਵੇਗੀ।

2. ਇਨ੍ਹਾਂ ਮੀਟਿੰਗਾਂ ਦੌਰਾਨ ਪਸਵਕ ਦੇ ਮੈਂਬਰ ਅਤੇ ਕਮਿਊਨਿਟੀ ਦੇ ਹੋਰ **ਪਤਵੰਤੇ ਵੀ ਇਹਨਾਂ ਮੀਟਿੰਗਾਂ ਵਿੱਚ ਬੁਲਾਏ ਜਾਣ।**

3. ਇਹਨਾਂ ਮੀਟਿੰਗਾਂ ਦਾ ਏਜੰਡਾ ਪੂਰੇ ਮਹੀਨੇ ਦੀ ਕਾਰਗੁਜ਼ਾਰੀ ਦੀ ਰਿਪੋਰਟ ਪੜ੍ਹਨਾ ਹੋਵੇਗਾ ਅਤੇ ਰਹਿ ਗਏ ਟੀਚਿਆਂ ਬਾਰੇ ਵਿਚਾਰ ਕਰਨਾ **ਅਤੇ ਸਿੱਖਿਆ ਵਿੱਚ ਗੁਣਾਤਮਕਤਾ ਲਿਆਉਣ ਲਈ ਸੋਚਣਾ ਹੋਵੇਗਾ।**

4. ਅਗਲੇ ਮਹੀਨੇ ਦੌਰਾਨ ਕੀਤੀਆਂ ਜਾਣ ਵਾਲੀਆਂ ਸਕੂਲ ਪੱਧਰੀ ਗਤੀਵਿਧੀਆਂ ਦੀ ਰੂਪ ਰੇਖਾ ਉਲੀਕਣਾ, ਗੁਣਾਤਮਕ ਸਿੱਖਿਆ ਬਾਰੇ ਵਿਚਾਰ ਕਰਨਾ ਅਤੇ RTE-2009 ਦੇ ਸੰਦਰਭ ਵਿੱਚ ਵਿਚਾਰ ਆਦਿ ਕਰਨਾ ਹੋਵੇਗਾ।

5. ਇਹਨਾਂ ਮਹੀਨਾਵਾਰ ਮੀਟਿੰਗਾਂ ਦੌਰਾਨ ਸਕੂਲ ਪੱਧਰ ਤੇ ਬੱਚਿਆਂ ਦੀਆਂ ਗਤੀਵਿਧੀਆਂ ਕਰਵਾਈਆਂ ਜਾਣ **ਜਿਵੇਂ ਸੁਲੇਖ ਮੁਕਾਬਲਾ, ਡਰਾਇੰਗ/ਪੇਟਿੰਗ ਮੁਕਾਬਲਾ, ਕਵਿਤਾ-ਪਾਠ, ਕਹਾਣੀ ਕਹਿਣਾ, ਦੇਸ਼ ਭਗਤੀ ਦੇ ਗੀਤ, ਖੇਡਾਂ** ਅਤੇ ਵਿਅਕਤੀਗਤ ਸਫ਼ਾਈ ਮੁਕਾਬਲਾ **ਆਦਿ।**

6. ਗਤੀਵਿਧੀਆਂ ਵਿੱਚੋਂ ਪਹਿਲੇ ਤਿੰਨ ਸਥਾਨਾਂ ਦੇ ਰਹਿਣ ਵਾਲੇ ਬੱਚਿਆਂ ਨੂੰ ਕੋਈ ਇਨਾਮ ਦੇ ਕੇ ਉਹਨਾਂ ਦੀ ਹੌਸਲਾ ਅਫ਼ਜਾਈ ਕੀਤੀ ਜਾਵੇ। **ਇਸ ਬਾਰੇ ਖਰਚਾ ਕਮਿਊਨਿਟੀ ਟ੍ਰੇਨਿੰਗ ਫੰਡ ਵਿਚੋਂ ਕੀਤਾ ਜਾਵੇਗਾ।**

7. ਹਾਜ਼ਰ ਮੈਂਬਰਾਂ ਨੂੰ ਸਨੈਕਸ ਵਗੈਰਾ ਨਾਲ ਚਾਹ-ਪਾਣੀ **ਪਿਲਾਇਆ ਜਾਵੇ।**

8. ਜਿਸ ਮਹੀਨੇ ਬੱਚਿਆਂ ਦੀ ਕੋਈ ਐਕਟੀਵਿਟੀ ਨਾ ਕਰਵਾਉਣੀ ਹੋਵੇ, ਉਸ ਮਹੀਨੇ ਭਾਈਚਾਰੇ ਵਿੱਚੋਂ ਕਿਸੇ ਪ੍ਰੋਫ਼ੈਸ਼ਨਲ ਨੂੰ ਬੁਲਾ ਕੇ ਉਸਦਾ ਲੈਕਚਰ ਕਰਵਾਇਆ ਜਾਵੇ ਤੇ ਉਸਨੂੰ ਮਾਣਭੱਤਾ 200/- ਰੁ: ਉੱਕਾ-ਪੁੱਕਾ ਦਿੱਤਾ ਜਾਵੇ।

9. ਸੀ.ਐਮ.ਸੀਜ਼ **ਵੱਲੋਂ** ਆਪਣੀਆਂ ਮਹੀਨਾਵਾਰ ਗਤੀਵਿਧੀਆਂ, ਜੋ ਕਿ ਉਹ ਆਪਣੇ-ਆਪਣੇ ਜ਼ਿਲ੍ਹਿਆਂ ਵਿੱਚ ਕਰਵਾਉਣੀਆਂ ਚਾਹੁੰਦੇ ਹਨ, ਉਹ ਉਹਨਾਂ **ਬਾਰੇ ਸਮਾਂ ਸਾਰਨੀ ਬਣਾ ਸਕਦੇ ਹਨ। PAB ਵਲੋਂ ਪ੍ਰਵਾਨਤ ਗ੍ਰਾਂਟ ਵਿੱਚੋਂ ਖਰਚਾ ਪ੍ਰਤੀ ਦਿਨ @ 100/- ਰੁ: ਦੇ ਹਿਸਾਬ ਨਾਲ ਕੀਤਾ ਜਾਵੇਗਾ।**

10. **ਇਸ ਟ੍ਰੇਨਿੰਗ ਨੂੰ ਸਮੇਂ ਸਿਰ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਨਾ ਜਿਲ੍ਹਾ ਸਿੱਖਿਆ ਅਫ਼ਸਰ (ਐ.ਸਿ) ਦੀ ਨਿੱਜੀ ਜਿੰਮੇਵਾਰੀ ਹੋਵੇਗੀ।**

11. **ਭੌਤਿਕ** ਅਤੇ **ਵਿੱਤੀ** ਪ੍ਰਾਪਤੀ ਦਾ ਪ੍ਰੋਫ਼ਾਰਮਾ ਜੋ ਕਿ ਹੈਡ ਆਫ਼ਿਸ ਨੂੰ **ਹਰ ਮਹੀਨੇ** ਦੀ 28 ਤਾਰੀਖ ਨੂੰ ਈ-ਮੇਲ (**pedagogy.tt@gmail.com**) ਰਾਹੀਂ ਭੇਜਣਾ ਹੈ, ਉਹ ਇਸ ਪ੍ਰਕਾਰ ਹੈ:

| ਲੜੀ ਨੰ. | 2011-12 ਦਾ ਟਾਰਗੇਟ | | ਮਹੀਨੇ ਦੌਰਾਨ ਹੋਈ ਪ੍ਰਾਪਤੀ | | ਬਕਾਇਆ ਟਾਰਗੇਟ | | ਵਿਸ਼ੇਸ਼ ਕਥਨ |
|---|---|---|---|---|---|---|---|
| | ਭੌਤਿਕ | ਵਿੱਤੀ | ਭੌਤਿਕ | ਵਿੱਤੀ | ਭੌਤਿਕ | ਵਿੱਤੀ | |
| | | | | | | | |

12. PAB ਵਲੋਂ **ਸਾਲ** 2011-12 **ਲਈ** ਮੰਜੂਰ ਭੌਤਿਕ ਅਤੇ ਵਿੱਤੀ ਟਾਰਗੇਟ ਜ਼ਿਲ੍ਹੇ ਵਾਰ ਹੇਠ ਲਿਖੇ ਅਨੁਸਾਰ ਹੈ ਜੀ:

| ਲੜੀ ਨੰ. | ਜ਼ਿਲ੍ਹਾ | ਪ੍ਰਵਾਨਤ ਭੌਤਿਕ ਟਾਰਗੇਟ | | ਪ੍ਰਵਾਨਤ ਵਿੱਤੀ ਟਾਰਗੇਟ | | ਗ੍ਰਾਂਟ ਦਾ ਵਿਤਰਨ | |
|---|---|---|---|---|---|---|---|
| | | ਰਿਹਾਇਸ਼ੀ | ਗੈਰ-ਰਿਹਾਇਸ਼ੀ | ਰਿਹਾਇਸ਼ੀ | ਗੈਰ-ਰਿਹਾਇਸ਼ੀ | ਰਿਹਾਇਸ਼ੀ | ਗੈਰ-ਰਿਹਾਇਸ਼ੀ |
| 1 | ਅੰਮ੍ਰਿਤਸਰ | 11838 | 8202 | 71.03 | 24.61 | 67.48 | 23.38 |
| 2 | ਬਰਨਾਲਾ | 2402 | 1818 | 14.41 | 5.45 | 13.69 | 5.18 |

| | | | | | | | |
|---|---|---|---|---|---|---|---|
| 3 | ਬਠਿੰਡਾ | 5294 | 4038 | 31.76 | 12.11 | 30.18 | 11.51 |
| 4 | ਫ਼ਰੀਦਕੋਟ | 3238 | 2502 | 19.43 | 7.51 | 18.46 | 7.14 |
| 5 | ਫ਼ਤਿਹਗੜ੍ਹ ਸਾਹਿਬ | 5900 | 4176 | 35.4 | 12.53 | 33.63 | 11.91 |
| 6 | ਫ਼ਿਰੋਜ਼ਪੁਰ | 15054 | 9630 | 90.32 | 28.89 | 85.81 | 27.45 |
| 7 | ਗੁਰਦਾਸਪੁਰ | 19696 | 13008 | 118.18 | 39.02 | 112.28 | 37.07 |
| 8 | ਹੁਸ਼ਿਆਰਪੁਰ | 16362 | 10914 | 98.17 | 32.74 | 93.27 | 31.11 |
| 9 | ਜਲੰਧਰ | 12692 | 9096 | 76.15 | 27.29 | 72.35 | 25.93 |
| 10 | ਕਪੂਰਥਲਾ | 7356 | 5088 | 44.14 | 15.26 | 41.94 | 14.5 |
| 11 | ਲੁਧਿਆਣਾ | 13218 | 9522 | 79.31 | 28.57 | 75.35 | 27.15 |
| 12 | ਮਾਨਸਾ | 4078 | 3102 | 24.47 | 9.31 | 23.25 | 8.85 |
| 13 | ਮੋਗਾ | 5130 | 3726 | 30.78 | 11.18 | 29.25 | 10.63 |
| 14 | ਮੋਹਾਲੀ | 5424 | 3792 | 32.54 | 11.38 | 30.92 | 10.81 |
| 15 | ਮੁਕਤਸਰ | 4606 | 3330 | 27.64 | 9.99 | 26.26 | 9.49 |
| 16 | ਨਵਾਂਸ਼ਹਿਰ | 5852 | 4080 | 35.11 | 12.24 | 33.36 | 11.63 |
| 17 | ਪਟਿਆਲਾ | 12480 | 8556 | 74.88 | 25.67 | 71.14 | 24.39 |
| 18 | ਰੂਪਨਗਰ | 7844 | 5232 | 47.06 | 15.7 | 44.71 | 14.91 |
| 19 | ਸੰਗਰੂਰ | 8684 | 6384 | 52.1 | 19.15 | 49.5 | 18.19 |
| 20 | ਤਰਨ-ਤਾਰਨ | 6882 | 4902 | 41.29 | 14.71 | 39.23 | 13.97 |

13. **ਜਿਹੜੇ ਜਿਲ੍ਹਿਆਂ ਵਿੱਚ ਮਾਣਯੋਗ ਸਿੱਖਿਆ ਮੰਤਰੀ ਜੀ ਦੀਆਂ ਪਸਵਕਾਂ/ਸ਼ਸਵਕਾਂ ਦੀਆਂ ਮੀਟਿੰਗਾਂ ਕਰਵਾਈਆਂ ਗਈਆਂ ਹਨ/ਕਰਵਾਈਆਂ ਜਾ ਰਹੀਆਂ ਹਨ, ਇਹਨਾਂ ਦੀਆਂ ਭੌਤਿਕ ਅਤੇ ਵਿੱਤੀ ਪ੍ਰਗਤੀ ਦੀ ਰਿਪੋਰਟਾਂ ਇਸ ਦਫ਼ਤਰ ਨੂੰ ਭੇਜੀਆਂ ਜਾਣ ਜੀ।**
14. ਗੈਰ-ਰਿਹਾਇਸ਼ੀ ਟ੍ਰੇਨਿੰਗ ਦੀ ਗ੍ਰਾਂਟ ਆਪ ਜੀ ਨੂੰ ਜਲਦੀ ਹੀ ਭੇਜੀ ਜਾ ਰਹੀ ਹੈ।
15. **ਹੁਕਮਾਂ ਦੀ ਇੰਨਬਿੰਨ ਪਾਲਨਾ ਕਰਨੀ ਯਕੀਨੀ ਬਣਾਈ ਜਾਵੇ।**

**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ**

**ਪਿੱਠ ਅੰਕਣ ਨੰ. 50/ਸ.ਸ.ਅ/ਪੈਡਾਗੋਜ਼ੀ/75752-75757** **ਮਿਤੀ: 17-06-2011**

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ **ਅਗਲੇਰੀ ਕਾਰਵਾਈ ਹਿਤ** ਵੈੱਬ ਸਾਈਟ ਰਾਹੀਂ ਭੇਜਿਆ ਜਾਂਦਾ ਹੈ:

1. ਜ਼ਿਲ੍ਹਾ ਪ੍ਰੋਜੈਕਟ ਕੋਆਰਡੀਨੇਟਰਜ਼
2. ਕਮਿਊਨਿਟੀ ਮੋਬਲਾਈਜੇਸ਼ਨ ਕੋਆਰਡੀਨੇਟਰਜ਼
3. ਏ.ਆਈ.ਈ ਕੋਆਰਡੀਨੇਟਰਜ਼
4. ਪੜ੍ਹੋ ਪੰਜਾਬ ਕੋਆਰਡੀਨੇਟਰਜ਼
5. ਏ.ਐਸ.ਪੀ.ਡੀ (ਮੀਡੀਆ)
6. ਡੀ.ਐਮ (ਐਮ.ਆਈ.ਐਸ) ਵੈੱਬ ਸਾਈਟ ਤੇ ਪਾਉਣ ਹਿਤ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ**